ਅਤਿ ਜ਼ਰੂਰੀ
ਮਿਤੀ ਬੱਧ

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਮਾਲ ਅਮਲਾ-1 ਸਾਖਾ)

ਸੇਵਾ ਵਿਖੇ

1. ਸਮੂਹ ਮੰਡਲਾਂ ਦੇ ਕਮਿਸਨਰਜ, ਪੰਜਾਬ।
2. ਸਮੂਹ ਡਿਪਟੀ ਕਮਿਸਨਰਜ, ਪੰਜਾਬ।

ਮੀਮੋ ਨੰ: 2/5/14-ਮਅ-1(1)/9761-62
ਚੰਡੀਗੜ੍ਹ, ਮਿਤੀ: 20/7/2020

ਵਿਸ਼ਾ: ਰਜਿਸਟਰ ਬੀ-2 ਵਿੱਚ ਤਹਿਸੀਲਦਾਰ ਉਮੀਦਵਾਰਾਂ ਦੀ ਨਿਯੁਕਤੀ ਕਰਨ ਬਾਰੇ।

***

ਹਵਾਲਾ: ਇਸ ਵਿਭਾਗ ਦਾ ਪੱਤਰ ਨੰ: 2/5/14-ਮਅ-1(1)/7709-10, ਮਿਤੀ 16.06.2020.

ਹਵਾਲੇ ਅਧੀਨ ਪੱਤਰ ਰਾਹੀਂ ਆਪ ਦੇ ਪਾਸੋਂ ਯੋਗ ਉਮੀਦਵਾਰ, ਜਿਨ੍ਹਾਂ ਦਾ ਪੰਜਾਬ ਤਹਿਸੀਲਦਾਰ (ਗਰੁੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਂਡਿਕਸ ਬੀ ਅਨੁਸਾਰ (ਸੁਪਰਡੰਟ ਗਰੇਡ-2 (ਮਾਲ ਤੇ ਨਿਆਂ), ਮੰਡਲ ਕਮਿਸਨਰ ਅਤੇ ਸੁਪਰਡੰਟ ਗਰੇਡ-2 (ਮਾਲ ਤੇ ਰਿਕਾਰਡ) ਦਫਤਰ ਡਿਪਟੀ ਕਮਿਸਨਰ ਵਿੱਚ ਯੋਗਤਾ/ਤਜਰਬਾ ਪੂਰਾ ਕਰਦੇ ਹਨ, ਦੇ ਨਾਮਾਂ ਦੀ ਸਿਫਾਰਸ਼ ਨਿਰਧਾਰਤ ਪ੍ਰੋਫਾਰਮੇ ਵਿੱਚ <u>ਮਿਤੀ 15.07.2020 ਤੱਕ</u> ਭੇਜਣ ਲਈ ਲਿਖਿਆ ਗਿਆ ਸੀ।

3. ਵਿਭਾਗ ਵਲੋਂ ਉਪਰੋਕਤ ਅਨੁਸਾਰ ਯੋਗ ਅਧਿਕਾਰੀਆਂ ਦੇ ਨਾਮਾਂ ਦੀ ਸਿਫਾਰਸ/ਰਿਕਾਰਡ ਭੇਜਣ ਦੀ ਮਿਤੀ ਵਿੱਚ ਹੁਣ ਮਿਤੀ <u>04.08.2020</u> ਤੱਕ ਦਾ ਵਾਧਾ ਕੀਤਾ ਗਿਆ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਮੰਡਲ/ਜਿਲ੍ਹੇ ਨਾਲ ਸਬੰਧਤ ਯੋਗ ਅਧਿਕਾਰੀਆਂ ਦਾ ਰਿਕਾਰਡ, ਇਸ ਸਾਖਾ ਵਿੱਚ <u>ਮਿਤੀ 04.08.2020</u> ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ ਗਰੇਡ-1

ਉਤਾਰਾ ਉਪ ਸਕੱਤਰ ਮਾਲ (ਪ੍ਰਸ਼ਾਸ਼ਨ), ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤੀ ਕਮਿਸਨਰ ਸਕੱਤਰੇਤ ਦੇ ਯੋਗ ਸੀਨੀਅਰ ਸਹਾਇਕ/ਸੀਨੀਅਰ ਸਹਾਇਕ (ਜੁਡੀਸ਼ੀਅਲ) ਦੇ ਨਾਮਾਂ ਦੀ ਸਿਫਾਰਸ ਨਿਰਧਾਰਤ ਪ੍ਰੋਫਾਰਮੇਂ ਵਿੱਚ ਮਿਤੀ <u>04.08.2020</u> ਤੱਕ ਹਰ ਹਾਲ ਵਿੱਚ ਭੇਜਣ ਦੀ ਖੇਚਲ ਕਰਨ।

ਸੁਪਰਡੰਟ ਗਰੇਡ-1

ਸੇਵਾ ਵਿਖੇ,

ਉਪ ਸਕੱਤਰ ਮਾਲ (ਪ੍ਰਸਾਸਨ),
ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ।

ਅੰ. ਵਿ. ਪੱ. ਨੰ: 2/5/14-ਮਅ-1(1)/9763 ਚੰਡੀਗੜ੍ਹ, ਮਿਤੀ: 20/7/2020
ਪਿੰ. ਅੰ. ਨੰ: 2/5/14-ਮਅ-1(1)/ 9764 ਚੰਡੀਗੜ੍ਹ, ਮਿਤੀ: 20/7/2020

ਇਸ ਦਾ ਇਕ ਉਤਾਰਾ ਪ੍ਰੋਜੈਕਟ ਮੈਨੇਜਰ, ਪੀ. ਐਲ.ਆਰ.ਐਸ., ਮਾਲ ਵਿਭਾਗ ਦੀ ਵੈਬ ਸਾਇਟ ਤੇ ਅਪਲੋਡ ਕਰਨ ਹਿੱਤ।

ਸੁਪਰਡੰਟ ਗਰੇਡ-1